ਦਫਤਰ ਡਾਇਰੈਕਟਰ ਸਿੱਖਿਆ ਵਿਭਾਗ ( ਸੈ:ਸਿ), ਪੰਜਾਬ
ਐਟ ਪੰਜਾਬ ਸਕੂਲ ਸਿੱਖਿਆ ਬੋਰਡ ਐਸ.ਏ.ਐਸ. ਨਗਰ
( ਗ੍ਰਾਂਟ-ਕਮ-ਪੈਨਸ਼ਨ 2 ਸ਼ਾਖਾ )

ਵੱਲ ,

ਸਮੂਹ ਜਿੱਲਾ ਸਿਖਿਆ ਅਫਸਰ ਸੈ.ਸਿ/ ਐ.ਸਿ ਪੰਜਾਬ।

ਮੀਮੋ ਨੰ : 4/2- 2020 ਗ੍ਰਾਂਟ ਪੈਨ-2 (1)

ਮਿਤੀ :- 13-3-2020

**ਵਿਸ਼ਾ** :- ਗੈਰ ਸਹਾਇਤਾ ਪ੍ਰਾਪਤ ਵਿਦਿਅਕ ਸੰਸਥਾਵਾਂ ਵਿਰੁੱਧ ਕਿਤਾਬਾਂ ਵਰਦੀਆਂ ਅਤੇ ਫੀਸਾਂ ਸਬੰਧੀ ਪ੍ਰਾਪਤ ਹੋ ਰਹੀਆਂ ਸ਼ਿਕਾਇਤਾ ਬਾਰੇ।

ਗੈਰ ਸਹਾਇਤਾ ਪ੍ਰਾਪਤ ਵਿਦਿਅਕ ਸੰਸਥਾਵਾਂ ਵਿਰੁੱਧ ਬਹੁੱਤ ਸਾਰੀ ਸ਼ਿਕਾਇਤਾ ਕਿਤਾਬਾਂ ਵਰਦੀਆਂ ਅਤੇ ਫੀਸਾਂ ਸਬੰਧੀ ਵਿਭਾਗ ਨੂੰ ਪ੍ਰਾਪਤ ਹੋ ਰਹੀਆਂ ਹਨ।

ਇਸ ਦੇ ਸਬੰਧ ਵਿਚ ਆਪ ਜੀ ਦੇ ਧਿਆਨ ਵਿਚ ਲਿਆਂਦਾ ਜਾਂਦਾ ਹੈ ਕਿ "The Punjab Regulation of Fee Of Unaided Educational Institutions Bill, 2016" ਅਤੇ "The Punjab Regulation of Fee Of Unaided Educational Institutions ( Amendment) Bill,2019" ਦੀ ਲਗਾਤਾਰਤਾ ਵਿਚ ਹੇਠ ਲਿਖੀਆ ਤਜਵੀਜਾਂ ਹਨ :-

1.0 ਗੈਰ ਸਹਾਇਤਾ ਪ੍ਰਾਪਤ ਵਿਦਿਅਕ ਸੰਸਥਾਵਾ ਦੀ ਫੀਸ ਦੇ ਨਿਯੰਤਰਣ ਲਈ ਇੱਕ ਰੇਗੂਲੈਟਰੀ ਬਾਡੀ ਜਿਸ ਦੀ ਸਰੰਚਨਾ ਪਹਿਲਾਂ ਡਵੀਜਨ ਪੱਧਰ ਤੇ ਸੀ। ਹੁਣ ਇਸ ਨੂੰ ਬਦਲ ਕੇ ਪੰਜਾਬ ਰਾਜ ਵਿੱਚ ਜਿਲਾ ਪੱਧਰ ਤੇ ਕੀਤੀ ਗਈ ਹੈ। ਅਜਿਹੀਆ ਫੀਸ ਜਾ ਫੰਡ ਜੋ ਕਿ ਇਨਾਂ ਸੰਸਥਾਵਾ ਦੁਆਰਾ ਵਸੂਲਨ ਯੋਗ ਹੋਣ, ਇਨਾਂ ਫੀਸਾਂ ਜਾ ਫੰਡ ਵਿਚ ਤਜਵੀਜਤ ਵਾਧੇ ਬਾਰੇ ਰੈਗੁਲੇਟਰੀ ਬਾਡੀ ਦੇ ਸਨਮੁੱਖ ਕੋਈ ਵੀ ਸ਼ਿਕਾਇਤ ਕੀਤੀ ਜਾ ਸਕੇਗੀ। ਉਕਤ ਬਾਡੀ ਇਸ ਤਰਾਂ ਦੀ ਸ਼ਿਕਾਇਤਾ ਦਾ ਐਕਟ ਦੀ ਵਿਵਸਥਾਵਾਂ ਅਨੁਸਾਰ ਨਿਪਟਾਰਾ ਕਰੇਗੀ।

2.0 ਇਹਨਾਂ ਸੰਸਥਾਵਾਂ ਵਿਖੇ ਪੜ ਰਹੇ ਵਿਦਿਆਰਥੀਆਂ ਦੀ ਪੜਾਈ ਦੋਰਾਨ ਉਹਨਾਂ ਦੇ ਪਿਤਾ/ਕਮਾਉ ਮੈਂਬਰ ਦੀ ਮੋਤ ਹੋ ਜਾਣ ਤੇ ਫੀਸ ਜਾਂ ਫੰਡ ਦੀ ਅਦਾਇਗੀ ਨਾ ਹੋਣ ਦੀ ਸੂਰਤ ਵਿਚ ਉਨਾਂ ਨੂੰ ਸਕੂਲ ਛੱਡਣ ਲਈ ਮਜਬੂਰ ਨਹੀ ਕੀਤਾ ਜਾ ਸਕੇਗਾ। ਅਜਿਹੇ ਵਿਦਿਆਰਥੀਆਂ ਦੀ ਉਸ ਸੰਸਥਾ ਵਿਖੇ ਉਨਾਂ ਦੀ ਪੜਾਈ ਮੁਕੰਮਲ ਹੋਣ ਤੱਕ ਕੋਈ ਵੀ ਫੀਸ ਵਸੂਲੀ ਨਹੀ ਜਾ ਸਕੇਗੀ।

3.0 ਗੈਰ ਸਹਾਇਤਾ ਪ੍ਰਾਪਤ ਪ੍ਰਾਇਵੇਟ ਸਕੂਲਾਂ ਦੀਆਂ ਮੈਨੇਜਮੈਂਟਾਂ ਸਬੰਧਤ ਬੋਰਡ ਤੋ ਪ੍ਰਵਾਨਤ ਸਲੈਬਸ ਮੁਤਾਬਕ ਪ੍ਰਵਾਨਤ ਕਿਤਾਬਾਂ ਹੀ ਵਿਦਿਆਰਥੀਆਂ ਨੂੰ ਲਗਾਉਣ ਗਏ। ਇਹਨਾਂ ਕਿਤਾਬਾ ਦੀ ਸੂਚੀ ਨਵਾਂ ਸ਼ੈਸ਼ਨ ਸ਼ੁਰੂ ਹੋਣ ਤੋ ਪਹਿਲਾ E-Punjab Portal ਜਾਂ ਸਕੂਲ ਦੀ ਵੇਬਸਾਇਟ ਤੇ ਅਪਲੋਡ ਕਰਣਗੇ ਅਤੇ ਸੰਸਥਾਵਾ ਵਲੋ ਇਨਾਂ ਕਿਤਾਬਾ ਦੀ ਸੂਚੀ ਢੁਕਵੇ ( ਸੂਚਨਾ ਬੋਰਡ ਆਦਿ) ਥਾਵਾਂ ਤੇ ਪ੍ਰਦਰਸ਼ਿਤ ਕਰਣਗੇ। ਇਹਨਾ ਕਿਤਾਬਾ ਨੂੰ Parents/Guardian ਨੂੰ ਕਿਸੇ ਵੀ ਦੁਕਾਨ ਤੋ ਖਰੀਦਣ ਦੀ ਖੁੱਲ ਹੋਵੇਗੀ।

4.0 ਗੈਰ ਸਹਾਇਤਾ ਪ੍ਰਾਪਤ ਪ੍ਰਾਇਵੇਟ ਸਕੂਲਾਂ ਵਿਚ ਵਰਦੀਆਂ ਦੇ ਰੰਗ ਅਤੇ ਡਿਜਾਇਨ ਜੋ ਇੱਕ ਵਾਰ ਨਿਰਧਾਰਤ ਕੀਤੇ ਜਾਂਦੇ ਹਨ ਦੇ ਵਿਚ ਘੱਟ ਤੋ ਘੱਟ ਅਗਲੇ 2 ਸਾਲਾਂ ਵਿਚ ਕੋਈ ਬਦਲਾਅ ਨਹੀ ਕੀਤਾ ਜਾਵੇਗਾ ਅਤੇ ਵਰਦੀਆਂ Parents/Guardian ਨੂੰ ਕਿਸੇ ਵੀ ਦੁਕਾਨ/ਥਾਂ ਤੋ ਖਰੀਦਣ ਦੀ ਖੁੱਲ ਹੋਵੇਗੀ।

ਪੰਜਾਬ ਰਾਜ ਦੇ ਗੈਰ ਸਹਾਇਤਾ ਪ੍ਰਾਪਤ ਵਿਦਿਅਕ ਸੰਸਥਾਵਾ ਦੀਆਂ ਫੀਸਾਂ/ਵਰਦੀਆਂ/ਕਿਤਾਬਾਂ ਸਬੰਧੀ ਕੋਈ ਸ਼ਿਕਾਇਤ ਪ੍ਰਾਪਤ ਹੁੰਦੀ ਹੈ ਤਾ ਇਸ ਦਾ ਨਿਪਟਾਰਾ ਫੀਸ ਪੰਜਾਬ ਰੈਗੂਲੇਸ਼ਨ ਐਕਟ 2016 ਅਤੇ ਫੀਸ ਰੇਗੁਲੈਟਰੀ ਸ਼ੋਧਿਆ ਐਕਟ 2019 ਅਤੇ ਹੋਰ ਲਾਗੂ ਕਾਨੂੰਨਾ ਅਨੁਸਾਰ ਕੀਤਾ ਜਾਵੇ।

ਕਿਸੇ ਕਿਸਮ ਦੀ ਅਣਗਿਹਲੀ ਅਤੇ ਉਲੰਘਣਾ ਕਰਨ ਵਾਲੇ ਸਕੂਲ ਦੀ ਨਿਯਮਾਂ ਅਨੁਸਾਰ ਐਨ.ਓ.ਸੀ / ਮਾਨਤਾ ਰੱਦ ਕਰ ਦਿੱਤੀ ਜਾਵੇਗੀ। ਇਸ ਐਕਟ ਦੀ ਇਨ-ਬਿਨ ਪਾਲਨਾ ਕਰਨੀ ਯਕੀਨੀ ਬਣਾਈ ਜਾਵੇ।

ਦਫਤਰ : ਜਿਲ੍ਹਾ ਸਿੱਖਿਆ ਅਫਸਰ ਮਾਨਸਾ
ਡਿ:ਅੰ:ਨੰ: 2020983 59
ਮਿਤੀ ਮਾਰਜਾ 23/3/20

ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ) ,ਪੰਜਾਬ